Gmail Calendar Documents Reader Web more ▾
gaganji@gmail.com | My Groups | Favorites | Profile | Help | My Account | Sign out
Google groups

# GGS Web Academy

Search this group Search Groups

Home
Discussions
+ new post
Files
Pages
Members
About this group
Edit my membership
Group settings
Management tasks
Invite members

Message from discussion sample resolution to get signed by local Gurudwaras

**Jagwinder Singh** View profile More options Nov 24 2009, 10:14 pm

ਮਤਾ ਨੰ: 1 -ਅੱਜ ਦੀ ਸਭਾ ਜੱਸ ਪੰਜਾਬੀ ਟੀਵੀ ਨਿਊਯਾਰਕ ਦੁਆਰਾ ਗੁਰਚਰਨਜੀਤ ਸਿੰਘ ਲਾਂਬੇ, ਰਵਿੰਦਰ ਸਿੰਘ ਭੰਮਰੇ ਤੇ ਹਰਵਿੰਦਰ ਰਿਆੜ ਦੀ ਤ੍ਰਿਗੜੀ ਦੁਆਰਾ ਕੀਤੇ ਜਾਣ ਵਾਲੇ ਦਸਮ ਗ੍ਰੰਥੀ, ਬਿਪਰਵਾਦੀ, ਸਿੱਖ ਰਹਿਤ ਮਰਯਾਦਾ ਦੇ ਵਿਪਰੀਤ ਅਤੇ ਸਿੱਖ ਭਾਈਚਾਰੇ ਵਿੱਚ ਫੁੱਟ ਪਉਣ ਵਾਲੇ ਕੂੜੇ ਤੇ ਭੜਕਾਊ ਪ੍ਰਚਾਰ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕਰਦੀ ਹੋਈ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਪ੍ਰੋ: ਦਰਸ਼ਨ ਸਿੰਘ ਜੀ ਵਲੋਂ ਨਿਊਯਾਰਕ ਸਟੇਟ ਦੇ ਗੁਰਦੁਆਰਾ ਰੋਚੈਸਟਰ ਵਿਖੇ ਕੀਤੇ ਕੀਰਤਨ ਵਖਿਆਨ ਦੀ ਰੀਕਾਰਡਿੰਗ ਨੂੰ ਗੁਰਚਰਨਜੀਤ ਸਿੰਘ ਲਾਂਬੇ ਵਲੋਂ ਤੋੜ-ਮਰੋੜ ਕੇ ਪੇਸ਼ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ । ਕਿਉਂਕਿ, ਰੀਕਾਰਡਿੰਗ ਦੀ ਅਸਲੀ ਤੇ ਸਪੂੰਰਨ ਸੀ ਡੀ ਨੂੰ ਸੁਣਨ ਉਪਰੰਤ ਸਭਾ ਇਸ ਨਤੀਜੇ ਤੇ ਪਹੁੰਚੀ ਹੈ ਕਿ ਪ੍ਰੋ: ਸਾਹਿਬ ਜੀ ਨੇ ਬਚਿਤਰ ਨਾਟਕ (ਦਸਮ ਗ੍ਰੰਥ) ਦੇ ਰੂਪ ਵਿੱਚ ਰਚੀ ਬਿਪਰਵਾਦ ਦੀ ਉਸ ਸਾਜਿਸ਼ ਨੂੰ ਨੰਗਾ ਕੀਤਾ ਹੈ, ਜਿਸ ਦੁਆਰਾ ਚਲਾਕ ਬਿਪਰ ਨੇ ਗੁਰਮਤਿ ਸਿਧਾਂਤਾਂ ਨੂੰ ਵਿਗਾੜ ਕੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਚੇ ਸੁੱਚੇ ਆਚਰਣ ਨੂੰ ਕਲੰਕਤ ਕਰਕੇ ਸਿੱਖੀ ਦੇ ਵਿਕਾਸ ਨੂੰ ਰੋਕਣ ਦਾ ਯਤਨ ਕੀਤਾ ਹੈ । ਪ੍ਰੋ: ਸਾਹਿਬ ਵਲੋਂ ਚਰਿਤਰੋਪਖਿਯਾਨ ਦੀਆਂ ਕਹਾਣੀਆਂ 'ਤੇ ਕੀਤੀਆਂ ਟਿਪਣੀਆਂ ਦਾ ਮਨੋਰਥ ਗੁਰੂ ਸਾਹਿਬ ਦਾ ਅਪਮਾਨ ਕਰਨਾ ਨਹੀ , ਸਗੋਂ ਅਸਲੀਅਤ ਤੋਂ ਜਾਣੂ ਕਰਾ ਕੇ ਸਤਿਗੁਰਾਂ ਦੇ ਸਤਿਕਾਰ ਨੂੰ ਬਹਾਲ ਕਰਨਾ ਹੈ । ਕਿਉਂਕਿ, ਦਸਮ ਗ੍ਰੰਥ ਦੇ ਅੱਖਰ ਅੱਖਰ ਨੂੰ ਗੁਰੂ ਕ੍ਰਿਤ ਮੰਨਣ ਵਾਲਿਆਂ ਨੂੰ ਉਨ੍ਹਾਂ ਨੇ ਬਾਰ ਬਾਰ ਪੁੱਛਿਆ ਹੈ ਕਿ ਦੱਸੋ ! ਅਜਿਹੀਆਂ ਅਸ਼ਲੀਲ ਤੇ ਗੁਰੂ ਸਾਹਿਬਾਂ ਤੇ ਚਿੱਕੜ ਉਛਾਲਣ ਵਾਲੀਆਂ ਰਚਨਾਵਾਂ ਨੂੰ ਦਸਮ ਗੁਰੂ ਦੀ ਬਾਣੀ ਮੰਨਿਆਂ ਜਾ ਸਕਦਾ ਹੈ ?

ਮਤਾ ਨੰ: 2 –ਅੱਜ ਦੀ ਸਭਾ ਮਹਿਸੂਸ ਕਰਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਵਲੋਂ ਲਾਂਬੇ ਵਾਲੀ ਬਿਪਰਵਾਦੀ ਡੇਰੇਦਾਰ ਲਾਬੀ ਦੀ ਸਾਜਿਸ਼ ਦਾ ਸ਼ਿਕਾਰ ਹੋ ਕੇ ਗਵਾਰੂ ਭਾਸ਼ਾ ਦੀ ਵਰਤੋਂ ਕਰਦਿਆਂ ਪ੍ਰੋ ਦਰਸ਼ਨ ਸਿੰਘ ਜੀ ਨੂੰ ਸਪਸ਼ਟੀਕਰਣ ਕਰਨ ਲਈ ਬਲਾਉਣਾ ਅਤੇ ਫਿਰ ਨਾਲ ਹੀ ਸਪਸ਼ਟੀਕਰਣ ਸੁਣਨ ਤੋਂ ਪਹਿਲਾਂ ਉਨ੍ਹਾਂ ਦੇ ਕੀਰਤਨ ਵਖਿਆਨ ਤੇ ਪਾਬੰਦੀ ਲਉਣਾ, ਸ੍ਰੀ ਅਕਾਲ ਤਖ਼ਤ ਦੇ ਸਮਦ੍ਰਿਸ਼ਟ ਤੇ ਨਿਰਪੱਖੀ ਨਿਯਮਾਂ ਦੇ ਬਿਲਕੁਲ ਉਲਟ, ਇੱਕਪਾਸੜ, ਪੱਖਪਾਤੀ ਤੇ ਰਾਜਨੀਤਕ ਦਬਾਵ ਹੇਠ ਕੀਤੀ ਗਈ ਕਾਰਵਾਈ ਹੈ । ਕਿਉਂਕਿ, ਨਿਊਯਾਰਕ ਦੀ ਪ੍ਰਮੁਖ ਸਿੱਖ ਸੰਸਥਾ 'ਸਿੱਖ ਕਲਚਰ ਸੁਸਾਇਟੀ' ਦੇ ਪ੍ਰਧਾਨ ਭਾਈ ਟਹਿਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਨਿਊਯਾਰਕ ਵਿਖੇ ਅਤੇ ਕੀਰਤਨ ਸੀ ਡੀ ਰੀਕਾਰਡਿੰਗ ਕਰਨ ਵਾਲੇ ਰੋਚੈਸਟਰ ਦੇ ਸ੍ਰ: ਮਖਣ ਸਿੰਘ ਵਲੋਂ ਵਿਸ਼ੰਗਟਨ ਡੀਸੀ ਵਿਖੇ ਗਿ: ਗੁਰਬਚਨ ਸਿੰਘ ਜੀ ਨੂੰ ਮਿਲ ਕੇ ਲਾਂਬੇ ਦੀ ਲਾਂਬੂਮਈ ਸਾਜਿਸ਼ ਤੋਂ ਭਲੀਭਾਂਤ ਜਾਣੂ ਕਰਵਾ ਦਿੱਤਾ ਸੀ । ਪਰ, ਇਸ ਦੇ ਬਾਵਜੂਦ ਵੀ ਉਨ੍ਹਾਂ ਨੇ ਉਸ ਸਬੰਧੀ ਕੋਈ ਨੋਟਿਸ ਨਹੀ ਲਿਆ ।

ਮਤਾ ਨੰ: 3 – ਅੱਜ ਦੀ ਸਭਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਸਿਖ ਸੰਸਥਾਵਾਂ ਨੂੰ ਪ੍ਰੋ: ਸਾਹਿਬ ਜੀ ਨੂੰ ਸਮਾਗਮਾਂ 'ਤੇ ਬਲਾਉਣ ਕਾਰਣ ਉਨ੍ਹਾਂ ਦੇ ਸਰੀਰਕ ਨੁਕਸਾਨ ਹੋਣ ਲਈ ਜ਼ਿਮੇਵਾਰ ਹੋਣ ਦੀ ਦਿੱਤੀ ਗਿਦੜ ਧਮਕੀ ਅਤੇ ਉਸ ਦੇ ਹੰਕਾਰ ਭਰੇ ਬਿਆਨ ਦੀ ਕਰੜੀ ਅਲੋਚਨਾ ਕਰਦੀ ਹੈ, ਜਿਸ ਦੁਆਰਾ ਉਨ੍ਹਾਂ ਨੇ ਪੰਥ ਦੀ ਸਤਿਕਾਰਤ ਹਸਤੀ ਪ੍ਰੋ: ਦਰਸ਼ਨ ਸਿੰਘ ਦੀਆਂ ਕੀਤੀਆਂ ਪੰਥਕ ਸੇਵਾਵਾਂ ਨੂੰ ਅੱਖੋਂ ਉਹਲੇ ਕਰਦਿਆਂ ਇਹ ਕਿਹਾ ਹੈ ਕਿ ਪ੍ਰੋ: ਜੀ ਨੂੰ "ਸਿੱਖ ਅਖਵਾਉਣ ਦਾ ਕੋਈ ਹੱਕ ਨਹੀ ਅਤੇ ਉਨ੍ਹਾਂ ਨੂੰ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ" । ਅਸੀਂ ਦੇਸ਼ ਵਿਦੇਸ਼ ਦੀਆਂ ਸਮੂਹ ਸਿੱਖ ਸੰਸਥਾਵਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪ੍ਰੋ: ਸਾਹਿਬ ਜੀ ਨੂੰ ਗੁਰਮਤਿ ਸਮਾਗਮਾਂ 'ਤੇ ਬੁਲਾ ਕੇ ਅਤੇ ਵਿਸ਼ੇਸ਼ ਸਨਮਾਨ ਕਰਕੇ ਬਿਪਰਵਾਦੀ ਸ਼ਕਤੀਆਂ ਨੂੰ

ਮੂੰਹ ਤੋੜਵਾਂ ਜਵਾਬ ਦੇਣ ।
ਮਤਾ ਨੰ: 4 – ਅੱਜ ਦੀ ਸਭਾ ਪ੍ਰੋ: ਸਾਹਿਬ ਜੀ ਨੂੰ ਬੇਨਤੀ ਕਰਦੀ ਹੈ ਕਿ ਉਹ 5 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਦੇ ਫੈਸਲੇ ਤੇ ਦ੍ਰਿੜ ਰਹਿਣ ਅਤੇ ਨਿਸ਼ਚਾ ਰੱਖਣ ਕਿ ਅਸੀਂ ਸਾਰੇ ਉਹਨਾਂ ਦੇ ਸਾਥ ਹਾਂ । ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਹੁਰਾਂ ਨੂੰ ਆਦਰ ਸਹਿਤ ਸੁਚੇਤ ਕਰਦੇ ਹਾਂ ਕਿ ਜੇਕਰ ਰਾਜਸੀ ਅਤੇ ਆਰਐਸਐਸ ਦੇ ਡੇਰੇਦਾਰ ਏਜੰਟਾਂ ਦੇ ਦਬਾਵ ਹੇਠ ਪ੍ਰੋ: ਸਾਹਿਬ ਜੀ ਪੰਥ ਵਿਚੋਂ ਛੇਕਣ ਵਾਲੀ ਬਿਪਰਵਾਦੀ ਕੋਝੀ ਕਾਰਵਾਈ ਕੀਤੀ ਤਾਂ ਅਸੀਂ ਉਸ ਨੂੰ ਕਿਸੇ ਵੀ ਕੀਮਤ ਤੇ ਪ੍ਰਵਾਨ ਨਹੀ ਕਰਾਂਗੇ ।
ਮਤਾ ਨੰ – 5-ਅਗਰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਕੋਈ ਜਾਨੀ ਨੁਕਸਾਨ ਕੀਤਾ ਗਿਆ ਤਾਂ ਇਸ ਦੇ ਜਿੰਮੇਵਾਰ ਸ਼ਰੋਮਣੀ ਕਮੇਟੀ ਅਤੇ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਸਾਹਿਬ ਹੋਣਗੇ।
ਮਤਾ ਨੰ-6-ਵਿਦੇਸ਼ੀ ਸੰਗਤ ਇਹ ਵੀ ਮੰਗ ਕਰਦੀ ਹੈ ਕਿ ਗੁਰਮਤਿ ਦੇ ਫੈਸਲੇ ਸਿਰਫ ਤੇ ਸਿਰਫ ਅਕਾਲ ਤੱਖਤ ਸਾਹਿਬ ਦੀ ਮਰਿਯਾਦਾ ਨੂੰ ਸਮਰਪਤਿ ਲੋਕ ਹੀ ਕਰ ਸਕਦੇ ਹਨ।
ਮਤਾ-7 –ਵਿਦੇਸ਼ ਦੀਆਂ ਸੰਗਤਾਂ ਪੁਰਜੋਰ ਮੰਗ ਕਰਦੀਆਂ ਹਨ ਕਿ ਜਿਥੇ ਅਕਾਲ ਤੱਖਤ ਸਾਹਿਬ ਤੇ ਪ੍ਰੋਫੈਸਰ ਦਰਸ਼ਨ ਸਿੰਘ ਜੀ ਦੀ ਜਵਾਬ ਤਲਬੀ ਕੀਤੀ ਗਈ ਹੈ ਉਥੇ ਗੁਰਚਰਨ ਜੀਤ ਸਿੰਘ ਲਾਂਬਾ ,ਹਰਵਿੰਦਰ ਸਿੰਘ ਰਿਆੜ ਅਤੇ ਰਵਿੰਦਰ ਸਿੰਘ ਭੰਵਰਾ ਦੀ ਜਵਾਬ ਤਲਬੀ ਕੀਤੀ ਜਾਵੇ ਜਿੰਨ੍ਹਾਂ ਨੇ ਇਸ ਮਸਲੇ ਦੀ ਅਸਲੀਅਤ ਨੂੰ ਤਰੋੜ ਮਰੋੜ ਕੇ ਟੀ ਵੀ ਰਾਹੀ ਪੇਸ਼ ਕਰਕੇ ਸਿੱਖ ਸੰਗਤ ਦੇ ਹਿਰਦੇ ਵਲੂੰਧਰੇ ਹਨ।
ਮਤਾ 8- ਸੈਕਰਾਮੈਂਟੋ ਕੈਲੇਫੌਰਨੀਆਂ ਵਿੱਚ ਗਿਆਨੀ ਸਵਿੰਦਰ ਸਿੰਘ ਵਲੋਂ ਗੁਰੂਗੋਬਿੰਦ ਸਿੰਘ ਨੂੰ ਨੂਪ ਕੁਅਰਿ ਵਲੋਂ ਲੱਤ ਹੇਠੋਂ ਲੰਘਣ ਦੀ ਗੱਲ ਕਹਿਣ ਕਰਕੇ ਅਕਾਲ ਤੱਖਤ ਸਾਹਿਬ ਤੇ ਸੱਦਿਆ ਜਾਵੇ।
ਮਤਾ 9-ਨਿਤ ਨੇਮ ਦੀਆ ਅਤੇ ਗੁਰਮਤਿ ਦੀ ਕਸੌਟੀ ਤੇ ਪੂਰੀਆਂ ਉਤਰਦੀਆਂ ਹੋਰ ਬਾਣੀਆਂ ਜੋ ਬੱਚਿਤਰ ਨਾਟਕ (ਦਸਮ ਗ੍ਰੰਥ) ਵਿੱਚ ਸ਼ਾਮਲ ਹਨ ਨੂੰ ਮੰਨਣ ਤੋਂ ਕੋਈ ਵੀ ਸਿੱਖ ਇਨਕਾਰੀ ਨਾ ਹੋਵੇ।

Date: Tue, 24 Nov 2009 18:19:46 -0800
Subject: Re: about vancouver
From: ghe...@gmail.com
To: jagwin...@msn.com

no veer ji
I will try to find it.

On Tue, Nov 24, 2009 at 5:46 PM, Jagwinder Singh <jagwin...@msn.com> wrote:

It shall be on the same lines that Richmond Gurudwara passed , did you read today spokesman

Date: Tue, 24 Nov 2009 17:44:42 -0800
Subject: about vancouver
From: ghe...@gmail.com

To: jagwin...@msn.com

Veer Ji I talked to some one regarding the resolution from Vancouver they said they will support singh sahib and and will to get that resolution signed by guru ghars from Vancouver area.

So please compose the letter and email me so that we can get this resolution passed.

Regards
Gagandeep

On Tue, Nov 24, 2009 at 3:01 PM, Jagwinder Singh <jagwin...@msn.com> wrote:

If any one call Gyani remind him about his conversation with Hardeep Singh of Toronto where he stayed this April

Hardeep Singh from Toronto called Giani Gurbachan Singh, it is the same person Gyani ji stayed when he was in Toronto in April he admitted to Hardeep Singh that Prof Khalsa is very respected person and he listen to him time to time and he finds those very informative but this time there is lot of presssure from sangat , when he pressed Gyani ji further that who is this sangat can you make public record of hundred of calls and letters that you sent

Gyani ji informed that you all know what the pressure is why are you embarrassing us why not call SGPC president and he give his mobile number

Here are the numbers for both person's to call and register protest

Gurbachan Singh: 183-5080377
Makkarh 98115344390

We have recording of Gyani ji on Nokia cell phone that we trying to take out from phone to computer , as soon we get that it will be shared.

--

You received this message because you are subscribed to the Google Groups "GGS Web Academy" group.

To post to this group, send email to ggsa@googlegroups.com.

To unsubscribe from this group, send email to ggsa+unsubscribe@googlegroups.com.

For more options, visit this group at http://groups.google.com/group/ggsa?hl=en.

**Reply** Reply to author Forward Report spam Rate this post:

**Create a group** - Google Groups - Google Home - Terms of Service - Privacy Policy

©2010 Google